Media Release

ਤੁਰੰਤ ਰਿਲੀਜ ਲਈ

# ਏ.ਐਮ.ਓ. 2020 ਕਾਨਫਰੰਸ ਵਿੱਚ ਸਿਟੀ ਆਫ ਬ੍ਰੈਂਪਟਨ: ਆਰਥਿਕ ਬਹਾਲੀ ਅਤੇ ਵਾਧੇ ਲਈ ਸਾਂਝੇਦਾਰੀ

ਬ੍ਰੈਂਪਟਨ, ਓਨਟੈਰੀਓ (17 ਅਗਸਤ, 2020) – 17 ਤੋਂ 19 ਅਗਸਤ ਤੱਕ, ਸਿਟੀ ਆਫ ਬ੍ਰੈਂਪਟਨ ਵੱਲੋਂ ਇੱਕ ਪ੍ਰਤੀਨਿਧੀ ਮੰਡਲ, ਐਸੋਸੀਏਸ਼ਨ ਆਫ ਮਿਉਨਿਸਿਪਲਟੀਜ (ਏ.ਐਮ.ਓ.) 2020 ਵਰਚੁਅਲ ਕਾਨਫਰੰਸ (Association of Municipalities (AMO) 2020 Virtual Conference) ਵਿੱਚ ਹਿੱਸਾ ਲਵੇਗਾ। ਮੇਅਰ ਪੈਟਰਿਕ ਬ੍ਰਾਊਨ ਦੀ ਅਗਵਾਈ ਵਿੱਚ, ਕਾਉਂਸਿਲ ਦੇ ਮੈਂਬਰ ਅਤੇ ਸਿਟੀ ਦੇ ਅਧਿਕਾਰੀ, ਬ੍ਰੈਂਪਟਨ ਦੀਆਂ ਸਭ ਤੋਂ ਵੱਧ ਜ਼ਰੂਰੀ ਲੋੜਾਂ ਬਾਰੇ ਪੂਰੇ ਸੂਬੇ ਵਿੱਚ, ਮੁੱਖ ਸਟੇਕਹੋਲਡਰਾਂ ਦੇ ਨਾਲ ਜੁੜਨਗੇ।

ਮਿਨਿਸਟਰੀ ਆਫ ਫਾਈਨੈਂਸ, ਮਿਨਿਸਟਰੀ ਆਫ ਹੈਲਥ, ਮਿਨਿਸਟਰੀ ਆਫ ਇੰਫਰਾਸਟ੍ਰਕਚਰ, ਮਿਨਿਸਟਰੀ ਆਫ ਐਨਵਾਇਰਨਮੈਂਟ, ਕਨਜਰਵੇਸ਼ਨ ਐਂਡ ਪਾਰਕਸ ਅਤੇ ਮਿਨਿਸਟਰੀ ਆਫ ਕਾਲੇਜਸ ਐਂਡ ਯੂਨੀਵਰਸਿਟੀਜ ਦੇ ਨਾਲ, ਮੀਟਿੰਗਾਂ ਦੀ ਪੁਸ਼ਟੀ ਕਰ ਲਈ ਗਈ ਹੈ।

ਕੋਵਿਡ-19 (COVID-19) ਨੂੰ ਫੈਲਣ ਤੋਂ ਰੋਕਣ ਦੀ ਆਪਣੀ ਜਾਰੀ ਪ੍ਰਕਿਰਿਆ ਨੂੰ ਦੇਖਦੇ ਹੋਏ, ਇਸ ਸਾਲ ਸਿਟੀ ਦੀਆਂ ਮੁੱਖ ਤਰਜੀਹਾਂ ਵਿੱਚੋਂ ਇੱਕ, ਇਸਦੀ ਆਰਥਿਕ ਬਹਾਲੀ ਲਈ ਲਗਾਤਾਰ ਸਹਿਯੋਗ ਪ੍ਰਾਪਤ ਕਰਨਾ ਹੋਵੇਗੀ। ਸਿਟੀ ਦੇ ਅਧਿਕਾਰੀ, ਵਾਧੂ ਤਰਜੀਹਾਂ ਨੂੰ ਵੀ ਉਜਾਗਰ ਕਰਨਗੇ, ਜੋ ਸਿਟੀ ਦੇ ਸਥਿਰ ਵਾਧੇ ਨੂੰ ਕਾਇਮ ਰੱਖਣ ਅਤੇ ਨਿਵਾਸੀਆਂ ਦੀ ਜੀਵਨ ਦੀ ਕੁਆਲਿਟੀ ਨੂੰ ਸੁਧਾਰਨ ਦਾ ਮਹੱਤਵਪੂਰਣ ਹਿੱਸਾ ਹਨ, ਇਹਨਾਂ ਵਿੱਚ ਸ਼ਾਮਲ ਹਨ:

- **ਹੈਲਥਕੇਅਰ** – ਪੀਲ ਮੈਮੋਰੀਅਲ (Peel Memorial) ਦੇ ਫੇਜ ਟੂ ਅਤੇ ਤੀਜੀ ਹੈਲਥਕੇਅਰ ਫੈਸਿਲਿਟੀ ਦੇ ਪ੍ਰਤੀ ਵਚਨਬੱਧਤਾ।
- **ਹਾਇਰ ਆਰਡਰ ਟ੍ਰਾਂਜ਼ਿਟ** – ਟ੍ਰਾਂਜ਼ਿਟ ਦੇ ਨਵੇਂ ਮੋਡਸ ਵਿੱਚ ਵਧਿਆ ਹੋਇਆ ਨਿਵੇਸ਼, ਜਿਹਨਾਂ ਵਿੱਚ ਸ਼ਾਮਲ ਹਨ, ਟੂ-ਵੇ ਔਲ-ਡੇ ਗੋ ਸਰਵਿਸ (Two-Way All-Day GO Service), ਲਾਈਟ ਰੇਲ ਟ੍ਰਾਂਜ਼ਿਟ (Light Rail Transit) ਅਤੇ ਬੱਸ ਰੈਪਿਡ ਟ੍ਰਾਂਜ਼ਿਟ (Bus Rapid Transit)।
- **ਜਲਵਾਯੂ ਤਬਦੀਲੀ ਅਤੇ ਹੜ੍ਹ ਨੂੰ ਘਟਾਉਣਾ** – ਫੰਡਿੰਗ ਅਤੇ ਅਸਾਨ ਮਨਜ਼ੂਰੀਆਂ ਦੁਆਰਾ, ਸਿਟੀ ਦੇ ਰਿਵਰਵਾਕ (Riverwalk) ਪ੍ਰੋਜੈਕਟ ਲਈ ਵਧੀ ਹੋਈ ਸਾਂਝੇਦਾਰੀ ਅਤੇ ਕਮਿਉਨਿਟੀ ਐਨਰਜੀ ਐਂਡ ਐਮਿਸ਼ਨਸ ਰਿਡਕਸ਼ਨ ਪਲਾਨ (ਸੀ.ਈ.ਈ.ਆਰ.ਪੀ.) (Community Energy and Emissions Reduction Plan) (CEERP) ਦੁਆਰਾ ਪਛਾਣੇ ਗਏ ਗ੍ਰੀਨ ਇੰਫਰਾਸਟ੍ਰਕਚਰ (Green Infrastructure) ਪ੍ਰੋਜੈਕਟਾਂ ਵਿੱਚ ਨਵਾਂ ਨਿਵੇਸ਼।
- **ਕਿਰਿਆਸ਼ੀਲ ਟ੍ਰਾਂਸਪੋਰਟੇਸ਼ਨ** – ਵਧੇ ਹੋਏ ਵਿਵਹਾਰਕ ਗਤੀਸ਼ੀਲਤਾ ਵਿਕਲਪ, ਜੋ ਸਾਰੇ ਨਿਵਾਸੀਆਂ ਲਈ ਟ੍ਰਾਂਸਪੋਰਟੇਸ਼ਨ ਨੈੱਟਵਰਕਾਂ ਦੀ ਸੁਰੱਖਿਆ ਅਤੇ ਪਹੁੰਚ ਯੋਗਤਾ ਨੂੰ ਵਧਾਉਂਦੇ ਹਨ।
- **ਪੋਸਟ-ਸੈਕੰਡਰੀ ਮੌਕੇ** – BramptonU ਦੀ ਮੌਜੂਦਗੀ ਨੂੰ ਕਨੂੰਨੀ ਰੂਪ ਦਿੰਦੇ ਹੋਏ, ਵਧੇ ਹੋਏ ਪੋਸਟ-ਸੈਕੰਡਰੀ ਸਿੱਖਿਆ ਸਬੰਧੀ ਮੌਕਿਆਂ ਲਈ ਸਹਿਯੋਗ।
- **ਪ੍ਰਾਪਰਟੀ ਟੈਕਸ-ਛੋਟ ਪਬਲਿਕ ਇੰਸਟੀਟਿਊਸ਼ਨਲ ਪ੍ਰਾਪਰਟੀਜ** – ਕੋਵਿਡ-19 ਦੇ ਅਸਰਾਂ ਤੇ ਧਿਆਨ ਦੇਣ ਲਈ ਅਤੇ ਸਮੁੱਚੀ ਅਤੇ ਸਫਲ ਆਰਥਿਕ ਬਹਾਲੀ ਨੂੰ ਯਕੀਨੀ ਬਣਾਉਣ ਲਈ, ਸਥਿਰ ਫੰਡਿੰਗ ਲਈ ਬੇਨਤੀ।
- **ਅਰਬਨ ਕਮਿਉਨਿਟੀ ਹਬ** – ਬ੍ਰੈਂਪਟਨ ਵਿੱਚ, ਟ੍ਰਾਂਜ਼ਿਟ–ਓਰਿਐਂਟਿਡ ਕਮਿਉਨਿਟੀਜ (ਟੀ.ਓ.ਸੀ.) (Transit-Oriented Communities) (TOC) ਨੂੰ ਵਿਕਸਿਤ ਕਰਨ ਲਈ ਨਵੇਂ ਵਿਕਾਸ ਮਾੱਡਲ ਦੇ ਤੌਰ ਤੇ, ਅਰਬਨ ਕਮਿਉਨਿਟੀ ਹਬ (Urban Community Hub) ਦੇ ਨਾਲ, 20 ਮਿੰਟ ਪੈਦਲ ਚੱਲਣ ਵਾਲਾ, ਸਿਹਤਮੰਦ ਗਵਾਂਢ ਗ੍ਰਹਿਣ ਕਰਨ ਲਈ ਸੂਬੇ ਨੂੰ ਬੇਨਤੀ ਕਰਨਾ।

ਹੋਰ ਜਾਣਨ ਲਈ, ਸਿਟੀ ਦੀ ਵੈਬਸਾਈਟ (Website) ਤੇ ਜਾਓ।

**ਹਵਾਲੇ**

"ਅਸੀਂ ਇੱਕ ਅਨੁਕੂਲਿਤ ਦ੍ਰਿਸ਼ਟੀਕੋਣ ਦੇ ਵੱਲ ਕੰਮ ਕਰ ਰਹੇ ਹਾਂ, ਜੋ ਕੋਵਿਡ-19 ਦੇ ਅਸਰਾਂ ਤੋਂ, ਸਾਡੀ ਆਰਥਿਕ ਬਹਾਲੀ ਨੂੰ ਸਹਿਯੋਗ ਕਰਦਾ ਹੋਵੇ। ਨਾਲ ਹੀ ਅਸੀਂ ਲੋਕਲ ਹੱਲਾਂ ਤੇ ਵੀ ਧਿਆਨ ਕੇਂਦਰਿਤ ਕਰ ਰਹੇ ਹਾਂ, ਜਿਸ ਨਾਲ ਸਾਡੀ ਸਿਟੀ ਦਾ ਸਥਿਰ ਵਾਧਾ ਸੰਚਾਲਿਤ ਹੋਵੇਗਾ ਅਤੇ ਸਾਡੇ ਨਿਵਾਸੀਆਂ ਲਈ ਜੀਵਨ ਦੀ ਬਿਹਤਰ ਕੁਆਲਿਟੀ ਯਕੀਨੀ ਬਣੇਗੀ। ਮੈਂ ਹਾਲੀਆ ਵਚਨਬੱਧਤਾਵਾਂ ਲਈ ਸੂਬੇ ਦਾ ਧੰਨਵਾਦ ਕਰਦਾ ਹਾਂ, ਜੋ ਇਸਨੇ ਬ੍ਰੈਂਪਟਨ ਲਈ ਦਰਸਾਈਆਂ ਹਨ। ਮੈਂ ਆਰਥਿਕ ਬਹਾਲੀ ਅਤੇ ਵਾਧੇ ਦੇ ਰਸਤੇ ਤੇ ਅੱਗੇ ਵਧਦੇ ਹੋਏ, ਇਸਦੇ ਨਿਰਮਾਣ ਲਈ ਉਤਸ਼ਾਹਿਤ ਹਾਂ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਕੋਵਿਡ-19 ਨੂੰ ਫੈਲਣ ਤੋਂ ਰੋਕਣ ਦੇ ਸਾਡੇ ਯਤਨਾਂ ਦੇ ਦੌਰਾਨ, ਸਿਟੀ ਨੇ ਜ਼ਰੂਰੀ ਅਤੇ ਮਹੱਤਵਪੂਰਣ ਸੇਵਾਵਾਂ ਪ੍ਰਦਾਨ ਕਰਨਾ ਜਾਰੀ ਰੱਖਿਆ ਹੈ, ਜਿਹਨਾਂ ਤੇ ਨਿਵਾਸੀ ਨਿਰਭਰ ਕਰਦੇ ਹਨ। ਨਾਲ ਹੀ ਸਿਟੀ ਨੇ ਉਹਨਾਂ ਮੁੱਖ ਪ੍ਰੋਜੈਕਟਾਂ ਵਿੱਚ ਵੀ ਤਰੱਕੀ ਕੀਤੀ ਹੈ, ਜੋ ਸਾਡੀ ਸਮੁੱਚੀ ਆਰਥਿਕ ਬਹਾਲੀ ਅਤੇ ਲਗਾਤਾਰ ਵਾਧੇ ਨੂੰ ਸਹਿਯੋਗ ਕਰਦੇ ਹਨ। ਸਰਕਾਰ ਦੇ ਉੱਚ ਅਮਲਿਆਂ ਦਾ ਨਿਕਟ ਸਹਿਯੋਗ, ਸਾਡੀ ਸਫਲਤਾ ਲਈ ਮਹੱਤਵਪੂਰਣ ਹੋਵੇਗਾ, ਕਿਉਂਕਿ ਅਸੀਂ ਬ੍ਰੈਂਪਟਨ ਦੇ ਭਵਿੱਖ ਲਈ ਯੋਜਨਾ ਬਣਾ ਰਹੇ ਹਾਂ। ਮੈਂ ਏ.ਐਮ.ਓ 2020 ਦੇ ਦੌਰਾਨ ਸੂਬੇ ਦੇ ਨਾਲ, ਮੁੱਖ ਭਾਈਵਾਲੀ ਸਬੰਧੀ ਮੌਕਿਆਂ ਤੇ ਚਰਚਾ ਕਰਨ ਲਈ ਉਤਸ਼ਾਹਿਤ ਹਾਂ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (**Monika Duggal)**
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
**905-874-3426** |Monika.Duggal@brampton.ca